**THE PUNJAB STATE BOARD OF TECHNICAL EDUCATION AND INDUSTRIAL TRAINING**

PLOT NO. 1-A, SEC. 36-A, CHANDIGARH PH. : 615385, 622584-85 FAX : 660734

**NO.PSBTE&IT/ITI/2026/** 2457 **Dated:** 06/08/26

**ਵੱਲੋ**

**ਸੰਸਥਾ ਮੁੱਖੀਆਂ/ਡੀ.ਡੀ.ਓ/ਮੁੱਖ ਅਧਿਆਪਕਾ/ਅਧਿਆਪਕ,**
**ਰਾਜ ਅਧੀਨ ਸਰਕਾਰੀ ਅਤੇ ਗੈਰ ਸਰਕਾਰੀ**
**ਉਦਯੋਗਿਕ ਸਿਖਲਾਈ ਸੰਸਥਾਵਾਂ,**
**ਪੰਜਾਬ।**

ਵਿਸ਼ਾ:- ਸਪਾਟ ਰਾਉਂਡ ਸੈਸ਼ਨ 2026 ਦੇ ਸਬੰਧ ਵਿਚ ਦਿਸ਼ਾ ਨਿਰਦੇਸ਼।

ਉਪਰੋਕਤ ਵਿਸ਼ੇ ਸਬੰਧੀ ਹਦਾਇਤ ਕੀਤੀ ਜਾਂਦੀ ਹੈ ਕਿ

1. ਸਪਾਟ ਰਾਉਂਡ ਦੌਰਾਨ ਦਾਖਲੇ ਲਈ ਨਵੇਂ ਕੈਂਡੀਡੇਟਸ ਦੀ ਰਜਿਸ਼ਟਰੇਸ਼ਨ/ ਵੈਰੀਫਿਕੇਸ਼ਨ ਮਿਤੀ: 07-08-2026 ਤੋਂ ਸ਼ੁਰੂ ਕੀਤੀ ਜਾਈ ਹੈ, ਜਿਸਦੀ ਆਖਰੀ ਮਿਤੀ 14-08-2026 ਸ਼ਾਮ 05-00 ਤੱਕ ਹੈ। ਇਸ ਵਿੱਚ ਪਹਿਲਾਂ ਤੋ ਰਜਿਸਟਰਡ/ਵੈਰੀਫਾਇਡ ਕੈਂਡੀਡੇਟਸ ਜਿਨਾਂ ਨੂੰ ਪਹਿਲੇ ਰਾਉਡਾਂ ਵਿੱਚ ਕੋਈ ਸੀਟ ਨਹੀ ਮਿਲੀ ਹੈ, ਵੀ ਸ਼ਾਮਲ ਹੋ ਸਕਦੇ ਹਨ। ਜਿਹੜੇ ਨਵੇਂ ਕੈਂਡੀਡੇਟਸ ਦਾਖਲੇ ਲਈ ਅਪਲਾਈ ਕਰਨ ਹਿਤ ਸੰਸਥਾਵਾਂ ਵਿਖੇ ਪਹੁੰਚ ਕਰਨਗੇ, ਉਨਾਂ ਦੀ ਹੈਲਪ ਡੈਸਕਾਂ ਰਾਂਹੀਂ ਆਨ ਲਾਈਨ ਪੋਰਟਲ ਉਪਰ ਰਜਿਸ਼ਟਰੇਸ਼ਨ ਕੀਤੀ ਜਾਵੇ। ਦਸਤਾਵੇਜਾਂ ਦੇ ਆਧਾਰ ਤੇ ਹੈਲਪ ਡੈਸਕਾਂ ਰਾਂਹੀਂ ਡਾਕੂਮੈਂਟਸ ਦੀ ਵੈਰੀਫਿਕੇਸ਼ਨ ਕੀਤੀ ਜਾਵੇ।

2. ਨਵੇਂ ਕੈਂਡੀਡੇਟਸ ਵਲੋਂ ਰਜਿਸ਼ਟਰੇਸ਼ਨ ਉਪਰੰਤ, ਡਾਕੂਮੈਂਟ ਵੈਰੀਫਿਕੇਸ਼ਨ ਦੀ 100/- ਰੁਪਏ ਪ੍ਰੋਸੈਸਿੰਗ ਫੀਸ, ਕੈਂਡੀਡੇਟਸ ਵਲੋਂ ਆਨ ਲਾਈਨ ਵਿਧੀ ਰਾਂਹੀਂ ਸਬਮਿਟ ਕਰਵਾਈ ਜਾਵੇਗੀ। ਜਿੰਨ੍ਹਾਂ ਕੈਂਡੀਡੇਟਸ ਵਲੋਂ ਰੋਜਾਨਾ ਦੁਪਿਹਰ 12-00 ਵਜੇ ਤੱਕ ਫੀਸ ਜਮਾਂ ਕਰਵਾ ਦਿੱਤੀ ਜਾਵੇਗੀ, ਉਨਾਂ ਕੈਂਡੀਡੇਟਸ ਦੇ, ਦਾਖਲੇ ਸਮੇਂ ਰਜਿਸ਼ਟਰਡ ਕੈਂਡੀਡੇਟਸ ਦੇ ਪ੍ਰੋਸੈਸਿੰਗ ਫੀਸ ਦੀ ਰਸੀਦ, ਦਸਤਾਵੇਜ ਚੈਕ ਕਰਦੇ ਹੋਏ ਡਾਕੂਮੈਂਟ ਵੈਰੀਫਾਈ ਕੀਤੇ ਜਾਣ। ਰੋਜਾਨਾ ਆਨ ਲਾਈਨ ਦਾਖਲਾ ਪੋਰਟਲ ਤੇ ਬਤੌਰ ਡੈਜੀਗਨੇਟਿਡ ਇੰਸਟੀਚਿਉਟ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਲੋਂ ਦੁਪਿਹਰ 01-00 ਵਜੇ ਤੱਕ, ਡਾਕੂਮੈਂਟ ਵੈਰੀਫਾਈ ਕੀਤੇ ਜਾਣ।

3. ਦਾਖਲੇ ਵਾਲੇ ਦਿਨ ਰਜਿਸ਼ਟਰਡ ਕੈਂਡੀਡੇਟਸ ਦੀ, ਸੰਸਥਾ ਦੇ ਮੇਨ ਗੇਟ ਤੇ ਪ੍ਰਤੀਸ਼ਤਤਾ ਦੇ ਆਧਾਰ ਤੇ, ਯੋਗਤਾ ਦੀ ਪ੍ਰਤੀਸ਼ਤਤਾ ਚੈਕ ਕੀਤੀ ਜਾਵੇ। ਦਾਖਲਾ ਸ਼ਡਿਉਲ ਅਨੁਸਾਰ, ਦਾਖਲੇ ਵਾਲੇ ਦਿਨ ਦੀ ਪ੍ਰਤੀਸ਼ਤਤਾ ਅਨੁਸਾਰ ਹੀ ਕੈਂਡੀਡੇਟਸ ਨੂੰ ਗੇਟ ਅੰਦਰ ਐਂਟਰ ਕਰਵਾਇਆ ਜਾਵੇ।ਉਪਰੰਤ ਕੈਂਡੀਡੇਟਸ ਦੀ ਹਾਜਰੀ ਲਗਵਾਈ ਜਾਵੇ। ਕੈਂਡੀਡੇਟਸ ਵਲੋਂ ਆਪਣਾ ਨਾਮ, ਪਿਤਾ ਦਾ ਨਾਮ, ਮੋਬਾਈਲ ਨੰਬਰ ਅਤੇ ਹਸਤਾਖਰ ਕਰਵਾਏ ਜਾਣ (ਹੇਠ ਨਿਰਧਾਰਤ ਪ੍ਰੋਫਾਰਮਾ):-

| S.N. | Name of Candidate | Father Name | Mobile Number | Signature | Date |
|---|---|---|---|---|---|
| | | | | | |

4. ਦੁਪਿਹਰ 01-00 ਵਜੇ ਤੱਕ ਵੈਰੀਫਾਈਡ ਕੈਂਡੀਡੇਟਸ ਦੀ, ਆਪਸੀ ਮੈਰਿਟ (ਸੈਸ਼ਨ 2026 ਦੇ ਦਾਖਲਾ ਪ੍ਰਾਸਪੈਕਟਸ ਵਿਚ ਦਰਜ ਮੈਰਿਟ ਦੇ ਨਿਰਧਾਰਤ ਪ੍ਰੋਸੀਜਰ ਅਨੁਸਾਰ 8ਵੀ, 10ਵੀ, 12ਵੀਂ, ਬੀ.ਏ. ਦੇ ਅੰਕਾਂ ਅਨੁਸਾਰ) ਤਿਆਰ ਕੀਤੀ ਜਾਵੇ। ਮੈਰਿਟ ਸੂਚੀ ਸੰਸਥਾ ਦੇ ਨੋਟਿਸ ਬੋਰਡ ਤੇ ਦੁਪਿਹਰ 02.00 ਵਜੇ ਤੱਕ ਲਗਾਈ ਜਾਵੇ। ਉਪਰੰਤ ਕੈਂਡੀਡੇਟਸ ਨੂੰ ਰੋਜਾਨਾ ਦੀ ਤਿਆਰ ਕੀਤੀ ਮੈਰਿਟ ਸੂਚੀ ਦੇ ਲੜੀ ਨੰਬਰ ਅਨੁਸਾਰ ਬੁਲਾਇਆ ਜਾਵੇ ਅਤੇ ਸੰਸਥਾ ਵਿਖੇ ਖਾਲੀ ਸੀਟਾਂ ਦੀ ਜਾਣਕਾਰੀ ਦਿੱਤੀ ਜਾਵੇ।

5. SPOT ROUND ਦੌਰਾਨ ਸਿੱਧੇ ਦਾਖਲੇ ਸਮੇਂ, ਸੰਸਥਾ ਵਿਖੇ ਖਾਲੀ ਰਹਿ ਗਈਆਂ ਸੀਟਾਂ ਵਿਰੁੱਧ, ਕੈਂਡੀਡੇਟਸ ਦੀ ਚੁਆਇਸ ਅਨੁਸਾਰ, ਪ੍ਰਾਸਪੈਕਟ ਵਿਚ ਦਰਜ, ਉਸ ਟਰੇਡ ਲਈ ਘੱਟੋ-ਘੱਟ ਲੋੜੀਂਦੀ ਦਾਖਲਾ ਯੋਗਤਾ, ਲਾਜ਼ਮੀ ਵਿਸ਼ਿਆਂ ਸਮੇਤ, ਪੂਰੀ ਕਰਦਾ ਹੋਵੇ। ਟਰੇਡ ਦੀ ਦਾਖਲਾ ਯੋਗਤਾ ਦੇ ਸਨਮੁੱਖ, ਲਾਜ਼ਮੀ ਵਿਸ਼ਿਆਂ ਦੇ ਪਾਸ ਸਟੇਟਸ ਨੂੰ ਵਿਸ਼ੇਸ਼ ਤੌਰ ਤੇ ਚੈਕ ਕੀਤਾ ਜਾਵੇ। ਉਪਰੰਤ ਕੈਂਡੀਡੇਟ ਨੂੰ ਸੀਟ ਅਲਾਟ ਕਰ ਦਿੱਤੀ ਜਾਵੇ। ਆਨ ਲਾਈਨ ਦਾਖਲਾ ਪੋਰਟਲ ਉਪਰ SPOT ROUND ਦੌਰਾਨ ਕੈਂਡੀਡੇਟਸ ਨੂੰ ਕੰਫਰਮ ਕਰਨ ਤੋਂ ਪਹਿਲਾਂ Registration Number, Trade, NCVT/ SCVT/ DST ਆਦਿ ਦੇ ਵੇਰਵੇ ਧਿਆਨ ਨਾਲ ਚੈਕ ਕਰ ਲਏ ਜਾਣ। ਫਾਈਨਲ ਸਬਮਿਸ਼ਨ ਕਲਿੱਕ ਕਰਨ ਉਪਰੰਤ ਕੋਈ ਤਬਦੀਲੀ ਸੰਭਵ ਨਹੀਂ ਹੋਵੇਗੀ।

6. ਲਾਜ਼ਮੀ ਵਿਸ਼ਿਆਂ ਸਬੰਧੀ ਕਿਸੇ ਸੰਸਥਾ ਦੀ ਅਣਗਿਹਲੀ ਧਿਆਨ ਵਿਚ ਆਉਂਦੀ ਹੈ ਤਾਂ ਉਸ ਸੰਸਥਾ ਦੀ ਸਬੰਧਤ ਟਰੇਡ ਨੂੰ ਡਿ-ਐਫੀਲੇਸ਼ਨ ਲਈ ਕਾਰਵਾਈ ਆਰੰਭੀ ਜਾਵੇਗੀ। ਅਜਿਹੇ ਦਾਖਲਾ ਕੈਂਡੀਡੇਟ ਦੀ ਦਾਖਲਾ ਪੋਰਟਲ ਤੋ ਸੀਟ ਤੁਰੰਤ ਕੈਂਸਲ ਕਰ ਦਿੱਤੀ ਜਾਵੇਗੀ। ਉਪਰੰਤ ਜੇਕਰ ਅਜਿਹੇ ਕਿਸੇ ਕੈਂਡੀਡੇਟਸ ਵਲੋਂ ਕਾਨੂੰਨੀ ਕਾਰਵਾਈ ਕੀਤੀ ਜਾਂਦੀ ਹੈ ਤਾਂ ਇਸ ਦੀ ਮੁਕੰਮਲ ਜ਼ਿੰਮੇਵਾਰੀ ਸਬੰਧਤ ਸੰਸਥਾ ਦੀ ਮੁੱਖੀ ਦੀ ਹੋਵੇਗੀ।

7. SPOT ROUND ਦਾਖਲ/ ਰਿਪੋਰਟ ਕੀਤੀ ਜਾ ਚੁੱਕੀ ਸੀਟਾਂ ਦੀ ਉਮੀਦਵਾਰਾਂ ਵਲੋਂ updation ਹਿਤ ਤਬਦੀਲੀ ਨਹੀਂ ਹੋਵੇਗੀ। SPOT ROUND ਦੌਰਾਨ seat withdrawn ਦੀ option ਵੀ ਨਹੀਂ ਹੋਵੇਗੀ ।

8. ਸਪਾਟ ਰਾਊਂਡ ਦੋਰਾਨ, ਜਿਸ ਕੈਂਡੀਡੇਟਸ ਨੂੰ ਸੀਟ ਅਲਾਟ ਕੀਤੀ ਜਾਂਦੀ ਹੈ, ਉਸ ਕੈਂਡੀਡੇਟ ਤੋਂ ਟਿਊਸ਼ਨ ਫੀਸ ਅਤੇ ਬਾਕੀ ਫੰਡਜ਼ ਪਹਿਲਾ ਚੱਲ ਰਹੀ ਵਿੱਧੀ ਅਨੁਸਾਰ ਇਕੱਤਰ ਕੀਤੇ ਜਾਣ ਅਤੇ ਸੀਟ ਕੰਫਰਮ ਕਰਨ ਉਪਰੰਤ ਸਿਖਿਆਰਥੀ ਦੀ ਫੀਸ ਨਾਲ ਦੀ ਨਾਲ ਹੀ ਜਮ੍ਹਾਂ ਕਰਵਾਈ ਜਾਵੇ।

9. Spot round ਵਿੱਚ ਸੀਟ ਅਲਾਟਮੈਂਟ ਕਰਨ ਉਪਰੰਤ ਜੇਕਰ ਕੋਈ ਸਿਖਿਆਰਥੀ ਕਿਸੇ ਕਾਰਨ ਕਰਕੇ ਨਿਰਧਾਰਿਤ ਸਮੇਂ ਅੰਦਰ ਫੀਸ ਜਮ੍ਹਾਂ ਨਹੀਂ ਕਰਵਾਉਂਦਾ ਜਾਂ ਦਾਖਲਾ ਲੈਣ ਵਿੱਚ ਅਸਮਰੱਥ/ਇੱਛੁਕ ਨਹੀਂ ਹੈ, ਤਾਂ ਅਜਿਹੀ ਸਥਿਤੀ ਵਿੱਚ Physical spot round ਆਪਸ਼ਨ ਵਿੱਚ *Initialization of Physical Spot Round Allotment* ਆਪਸ਼ਨ ਦੀ ਵਰਤੋਂ ਕਰਕੇ ਉਸ ਸਿਖਿਆਰਥੀ ਦੀ ਸੀਟ ਉਸੇ ਸਮੇਂ ਹੀ ਕੈਂਸਲ ਕੀਤੀ ਜਾਵੇ ਤਾਂ ਜੋ ਕੈਂਸਲ ਕੀਤੀ ਗਈ ਸੀਟ ਦੇ ਬਦਲੇ ਅਗਲੇ ਯੋਗ ਸਿਖਿਆਰਥੀ ਦੇ ਦਾਖਲੇ ਸਬੰਧੀ ਫੈਸਲਾ ਸੰਸਥਾ ਪੱਧਰ 'ਤੇ ਨਿਯਮਾਂ ਅਨੁਸਾਰ ਕਰ ਲਿਆ ਜਾਵੇ।

ਇਸ ਤੋਂ ਇਲਾਵਾ, ਕੈਂਸਲ ਕੀਤੀ ਗਈ ਹਰ ਸੀਟ ਦਾ ਪੂਰਾ ਰਿਕਾਰਡ (ਸਿਖਿਆਰਥੀ ਦਾ ਵੇਰਵਾ, ਕੈਂਸਲ ਕਰਨ ਦਾ ਕਾਰਨ ਅਤੇ ਮਿਤੀ ਆਦਿ) ਸੰਸਥਾ ਪੱਧਰ 'ਤੇ ਸੰਭਾਲ ਕੇ ਰੱਖਣਾ ਯਕੀਨੀ ਬਣਾਇਆ ਜਾਵੇ।

10. ਨਿਰਧਾਰਤ ਪ੍ਰੋਸੀਜਰ ਅਨੁਸਾਰ, ਆਨ ਲਾਈਨ ਪੋਰਟਲ ਉਪਰ ਸੀਟ ਕੰਫਰਮ ਕਰਦੇ ਹੋਏ, ਸੀਟ ਅਲਾਟਮੈਂਟ ਦਾ ਪ੍ਰਿੰਟ ਲਿਆ ਜਾਵੇ। ਇਸ ਪ੍ਰਿੰਟ ਉਪਰ ਕੈਂਡੀਡੇਟਸ ਦੇ ਹਸਤਾਖਰ ਕਰਵਾ ਕੇ ਇਕ ਕਾਪੀ ਸੰਸਥਾ ਦੇ ਰਿਕਾਰਡ ਲਈ ਰੱਖੀ ਜਾਵੇ ਅਤੇ ਇਕ ਕਾਪੀ ਕੈਂਡੀਡੇਟਸ ਨੂੰ ਦੇ ਦਿੱਤੀ ਜਾਵੇ।

11. ਹਰ ਰੋਜ ਸਵੇਰੇ 09 ਵਜੇ ਖਾਲੀ ਸੀਟਾਂ ਦਾ ਵੇਰਵਾ, ਮੋਟੇ ਅੱਖਰਾਂ ਵਿਚ ਸੰਸਥਾ ਦੇ ਨੋਟਿਸ ਬੋਰਡ ਤੇ ਲਗਾਇਆ ਜਾਵੇ।

ਕੰਟ੍ਰੋਲਰ ਪ੍ਰੀਖਿਆਵਾਂ

(ਆਈ.ਟੀ.ਆਈ)

ਉਪਰੋਕਤ ਦਾ ਉਤਾਰਾ ਹੇਠ ਅਨੁਸਾਰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਹਾਇਕ ਡਾਇਰੈਕਟਰ (ਟ੍ਰੇਨਿੰਗ) ਵਾ: ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।
2. ਨੋਡਲ ਸੰਸਥਾਵਾਂ ਨੂੰ ਸੂਚਿਤ ਕਰਨ ਸਬੰਧੀ (ਹਵਾਲਾ ਪੱਤਰ ਨੰ. PSBTE&IT/ITI/2026/2398 ਮਿਤੀ 20/07/2026) ਕਿ ਕੇਂਦਰੀ ਜੇਲ੍ਹਾਂ ਵਿੱਚ ਚੱਲ ਰਹੇ ਆਈ.ਟੀ.ਆਈ. ਕੇਂਦਰਾਂ ਵਿੱਚ ਦਾਖਲਾ ਪ੍ਰਕਿਰਿਆ ਸਬੰਧੀ ਲੋੜੀਂਦੀ ਕਾਰਵਾਈ ਕੀਤੀ ਜਾਵੇ।

ਕੰਟ੍ਰੋਲਰ ਪ੍ਰੀਖਿਆਵਾਂ

(ਆਈ.ਟੀ.ਆਈ)